# ਤੁਹੀ ਤੁਹੀ ਤੁਹੀ ਤੁਹੀ

**ਮਃ ੧ ॥**
**ਨਾਨਕ ਲਿਲਾਰਿ ਲਿਖਿਆ ਸੋਇ ॥**
**ਮੇਟਿ ਨ ਸਾਕੈ ਕੋਇ ॥**

ਇਹ ਪੰਕਤੀਆਂ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ, 'ਵਾਰ ਮਾਝ ਕੀ' ਦੀ ੧੩ਵੀਂ ਪਉੜੀ ਦੇ ਨਾਲ ਸਲੋਕ ਨੰਬਰ ੭ (Seven) ਹਨ। ਇਹ ਸਲੋਕ ਵੀ, ਸ੍ਰੀ ਗੁਰੂ ਨਾਨਕ ਸਾਹਿਬ ਦਾ ਹੀ ਉਚਾਰਣ ਕੀਤਾ ਹੋਇਆ ਹੈ, ਜੋ, ਅੰਕ ੧੪੪ ਤੇ ਸੁਭਾਇਮਾਨ ਹੈ। ਜਿਵੇਂ ਕਿ, ਪਿਛਲੇ ਸਲੋਕਾਂ ਦੀ ਵਿਆਖਿਆ ਦੌਰਾਨ, ਦਸਿਆ ਜਾ ਚੁਕਿਆ ਹੈ ਕਿ, ਅਸਲ ਵਾਰ, ਪਉੜੀਆਂ ਹੀ ਹੁੰਦੀਆਂ ਹਨ। ਸਲੋਕਾਂ ਨੂੰ, ਸ੍ਰੀ ਗੁਰੂ ਅਰਜਨ ਸਾਹਿਬ ਨੇ, ਹਰ ਇਕ ਪਉੜੀ ਦਾ ਭਾਵ ਸਪੱਸ਼ਟ ਕਰਨ ਲਈ ਹੀ ਨਾਲ ਜੋੜਿਆ ਸੀ।

ਇਸ ੧੩ਵੀਂ ਪਉੜੀ ਦੇ ਸਾਰੇ ਸਲੋਕ, ਸ੍ਰੀ ਗੁਰੂ ਨਾਨਕ ਸਾਹਿਬ ਮਹਾਰਾਜ ਨੇ, ਅਕਾਲ ਪੁਰਖ ਦੀ ਉਸਤਤਿ ਵਿਚ, ਉਸ ਦੇ ਰੰਗ ਅਤੇ ਅਤਿਅੰਤ ਵਿਸਮਾਦ ਦੀ ਅਵੱਸਥਾ ਵਿਚ, ਉਚਾਰਣ ਕੀਤੇ ਹਨ। ਠੀਕ ਇਸੇ ਅਵੱਸਥਾ ਵਿਚ ਸ੍ਰੀ ਦਸਮ ਪਾਤਸ਼ਾਹ ਨੇ 'ਤੁਹੀ ਤੁਹੀ॥...' ਦਾ ਅਲਾਪ ਕੀਤਾ, ਜਿਸਦਾ ਅੰਸ, ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਵੀ ਅੰਕਤ ਹੈ।

**ਅਰਥ :** ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਜੋ ਪਰਮੇਸ਼ਰ ਨੇ, ਜੀਵ ਦੇ ਲਿਲਾਟ, ਮਥੇ ਤੇ, ਲੇਖ ਲਿਖ ਦਿਤੇ ਉਨ੍ਹਾਂ ਨੂੰ ਕੋਈ ਨਹੀਂ ਮੇਟ ਸਕਦਾ। ਲੇਖ ਲਿਖਣ ਅਤੇ ਮਿਟਾਉਣ ਅਤੇ ਮੁੜ ਲਿਖਣ ਵਾਲਾ ਪ੍ਰਭੂ ਆਪ ਹੀ ਹੈ।

ਸਤਿਗੁਰੂ ਜੀ ਫ਼ੁਰਮਾਣ ਕਰਦੇ ਹਨ ਕਿ ਜਿਨ੍ਹਾਂ ਨੂੰ ਧੁਰ ਤੋਂ, ਪ੍ਰਭੂ ਦੁਆਰਾ, ਬਖਸ਼ਿਸ਼ ਕਰ ਕੇ ਸਥਾਪਤ ਕੀਤਾ ਗਿਆ ਹੋਵੇ, ਉਸ ਬਖਸ਼ਿਸ਼ ਨੂੰ ਕੋਈ ਮਿਟਾ ਨਹੀਂ ਸਕਦਾ - 'ਜਿਨ ਕਉ ਸਤਿਗੁਰਿ ਥਾਪਿਆ ਤਿਨ ਮੇਟਿ ਨ ਸਕੈ ਕੋਇ॥', ਅੰਕ ੧੭. ਪਾਤਸ਼ਾਹ ਹੋਰ ਬਚਨ ਕਰਦੇ ਹਨ ਕਿ ਜਿਸ ਦੇ ਮਥੇ 'ਤੇ ਪ੍ਰਭੂ ਤਿਲਕ ਲਗਾ ਕੇ ਭੇਜਦਾ ਹੈ, ਭਾਵ, ਧੁਰ ਤੋਂ ਹੀ ਵਡਾ ਥਾਪ ਕੇ ਭੇਜਦਾ ਹੈ ਉਹ ਹੀ ਇਕ ਅਕਾਲ ਪੁਰਖ ਨੂੰ ਜਾਣਦਾ ਹੈ ਅਤੇ ਉਹ ਹੀ ਆਪਣੇ ਅੰਦਰ ਪਾਈ ਹੋਈ ਉਸੇ ਬਿਬੇਕ ਬੁਧੀ ਰਾਹੀਂ ਬ੍ਰਹਮ ਪ੍ਰਭੂ ਨੂੰ ਬੁਝਦਾ, ਜਾਣਦਾ ਹੈ - 'ਤਿਲਕੁ ਲਿਲਾਟਿ ਜਾਣੈ ਪ੍ਰਭੁ ਏਕੁ॥ ਬੂਝੈ ਬ੍ਰਹਮੁ ਅੰਤਰਿ ਬਿਬੇਕੁ॥', ਪੰਨਾ ੩੫੫.

ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਇਸ ਤੱਥ ਦੀ ਗਵਾਹੀ ਭਰੀ ਹੈ ਕਿ ਜੋ ਲੇਖ, ਮਾਲਕ ਪ੍ਰਭੂ ਨੇ, ਧੁਰ ਦਰਗਾਹ ਤੋਂ ਲਿਖ ਦਿਤਾ, ਉਸ ਨੂੰ ਕੋਈ ਮਿਟਾ ਨਹੀਂ ਸਕਦਾ। ਜੋ ਮਨੁਖ ਉਸ ਹਰੀ ਦੇ ਭਾਣੇ, ਹੁਕਮ ਨੂੰ ਮਿਠਾ ਕਰਕੇ ਮੰਨਦੇ ਹਨ ਉਹ ਜਨ ਪੂਰਨਤਾ ਪ੍ਰਾਪਤ ਕਰ ਲੈਂਦੇ ਹਨ - 'ਮਸਤਕਿ ਲਿਲਾਟਿ ਲਿਖਿਆ ਧੁਰਿ ਠਾਕੁਰਿ ਮੇਟਣਾ ਨ ਜਾਇ॥ ਨਾਨਕ ਸੇ ਜਨ ਪੂਰਨ ਹੋਏ ਜਿਨਿ ਹਰਿ ਭਾਣਾ ਭਾਇ॥' ਅੰਕ ੧੨੭੬. ਹੋਰ ਗੁਰਵਾਕ ਹੈ ਕਿ ਜਿਨ੍ਹਾਂ ਨੂੰ ਵਾਹਗੁਰੂ ਦੁਆਰਾ, ਧੁਰ ਤੋਂ ਭਗਤੀ ਦਾ ਖ਼ਜ਼ਾਨਾ ਬਖਸ਼ਿਆ ਗਿਆ ਹੈ, ਉਸ ਨੂੰ ਕੋਈ ਮਿਟਾ ਨਹੀਂ ਸਕਦਾ - 'ਓਨਾ ਕਉ ਧੁਰਿ ਭਗਤਿ ਖਜਾਨਾ ਬਖਸਿਆ ਮੇਟਿ ਨ ਸਕੈ ਕੋਇ॥', ਅੰਕ ੫੯੯. ਸ੍ਰੀ ਗੁਰੂ ਰਾਮਦਾਸ ਸਾਹਿਬ ਬਚਨ ਕਰਦੇ ਹਨ ਕਿ ਹੇ ਮੇਰੇ ਮਾਲਕ ਪ੍ਰਭੂ ਜੀਓ ! ਜਿਤਨੀ ਵੀ ਤੇਰੀ ਸ੍ਰਿਸ਼ਟੀ ਹੈ ਇਹ ਸਭ ਤੇਰੇ ਭਗਤਾਂ ਦੇ ਚਰਨਾਂ ਦੀ ਧੂੜ ਦੀ ਤਾਂਘ ਕਰਦੀ ਹੈ ਪਰ ਜਿਸ ਦੇ ਮਸਤਕ ਤੇ ਤੂੰ ਅਜਿਹਾ ਲਿਖ ਦਿੰਦਾ ਹੈਂ ਉਸ ਨੂੰ ਤੂੰ ਆਪਣੇ ਸਾਧੂ, ਭਗਤ ਦੀ ਧੂੜ ਬਖਸ਼ ਕੇ ਇਸ ਭਵਜਲ ਸਾਗਰ ਤੋਂ ਪਾਰ ਲੰਘਾ ਦਿੰਦਾ ਹੈਂ - 'ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥ ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ਤਿਸੁ ਸਾਧੂ ਧੂਰਿ ਦੇ ਪਾਰਿ ਲੰਘਾਈ॥', ਪੰਨਾ ੧੨੬੩.

## ਕਲਾ ਧਰੈ ਹਿਰੈ ਸੁਈ ॥
## ਏਕੁ ਤੁਈ ਏਕੁ ਤੁਈ ॥੭॥

**ਕਲਾ – ਤਾਕਤ, ਜੀਵਨ; ਧਰੈ – ਦਿੰਦਾ ਹੈ; ਹਿਰੈ – ਵਾਪਸ ਖੋਹ ਲੈਂਦਾ; ਸੁਈ – ਉਹੀ ਆਪ**

**ਅਰਥ :** ਉਹ ਪ੍ਰਭੂ ਹੀ, ਪ੍ਰਾਣੀ ਦੇ ਅੰਦਰ ਜੀਵਨ ਦੀ ਸਤਿਆ ਧਰਦਾ ਹੈ ਅਤੇ ਉਹੀ ਆਪ ਹੀ ਉਸ ਨੂੰ ਹਰ ਵੀ ਲੈਂਦਾ ਹੈ, ਭਾਵ, ਵਾਪਸ ਖੋਹ ਵੀ ਲੈਂਦਾ ਹੈ। ਤਾਕਤ, ਸਤਿਆ, ਭਗਤੀ ਦੇਣ ਅਤੇ ਵਾਪਸ ਲੈਣ ਵਾਲਾ, ਪ੍ਰਭੂ ਆਪ ਹੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਨੇ ਇਹੀ ਸਚ, 'ਆਸਾ ਕੀ ਵਾਰ' ਦੀ ਪਹਿਲੀ ਪਉੜੀ ਵਿਚ ਬੜਾ ਸਪੱਸ਼ਟ ਕੀਤਾ ਹੈ ਕਿ ਉਹ ਆਪ ਹੀ ਦਾਤਾ ਹੈ, ਆਪ ਹੀ ਕਰਤਾ ਹੈ, ਉਹ ਆਪ ਹੀ ਖੁਸ਼ ਹੋ ਕੇ ਬਖ਼ਸ਼ਿਸ਼ਾਂ ਕਰਦਾ ਹੈ। ਉਹ ਸਭ ਕੁਝ ਜਾਣਦਾ ਹੈ, ਜਿੰਦ ਦਿੰਦਾ ਵੀ ਹੈ ਅਤੇ ਫ਼ਿਰ, ਆਪਣੇ ਹੁਕਮ ਅੰਦਰ, ਵਾਪਸ ਵੀ ਲੈ ਲੈਂਦਾ ਹੈ – 'ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ॥ ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥' ਹੋਰ ਫ਼ੁਰਮਾਣ ਕਰਦੇ ਹਨ ਕਿ ਸਾਰੇ ਜੀਅ, ਉਸਦਾ ਦਿਤਾ ਸਾਹ ਲੈ ਕੇ ਜੀਅ ਰਹੇ ਹਨ, ਜੇ ਉਹ ਜੀਉਂਦਾ ਰਖਣਾ ਚਾਹੇ ਤਾਂ ਸਾਹ ਨਾ ਚਲਣ ਤੇ ਵੀ ਜ਼ਿੰਦਾ ਰਖ ਸਕਦਾ ਹੈ। ਜਿਉਂ ਜਿਉਂ ਉਸ ਸਚੇ ਪ੍ਰਭੂ ਨੂੰ ਭਾਉਂਦਾ ਹੈ, ਉਸੇ ਤਰ੍ਹਾਂ ਖਾਣ ਨੂੰ ਗਿਰਾਹਾਂ ਵੀ ਦਿੰਦਾ ਹੈ – 'ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿਅ ਸਾਹ॥ ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹਾ॥', ਪੰਨਾ ੧੪੪. ਸਭ ਦਾਤਾਂ, ਪ੍ਰਭੂ ਨੇ ਆਪਣੇ ਹਥ ਰਖੀਆਂ ਹਨ, ਜਿਸ ਨੂੰ ਭਾਵੈ, ਉਸ ਨੂੰ ਦਿੰਦਾ ਹੈ, ਮਹਾਰਾਜ ਦਾ ਵਾਕ ਹੈ – 'ਅਪਣੈ ਹਾਥਿ ਵਡਾਈਆ ਜੈ ਭਾਵੈ ਤੈ ਦੇਇ॥', ਅੰਕ ੯੩੪. ਹੋਰ ਫ਼ੁਰਮਾਣ ਕਰਦੇ ਹਨ ਕਿ ਉਸ ਪ੍ਰਭੂ ਨੇ ਚੁਰਾਸੀ ਲਖ ਜੂਨਾਂ ਪੈਦਾ ਕੀਤੀਆਂ ਹਨ, ਪਰ ਉਨ੍ਹਾਂ ਨੂੰ ਉਤਨੇ ਸਾਹ ਦਿੰਦਾ ਹੈ, ਜਿਤਨੇ ਉਸ ਨੂੰ ਭਾਉਂਦੇ ਹਨ – 'ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ॥', ਪੰਨਾ ੧੦੩੪.

ਸ੍ਰੀ ਗੁਰੂ ਅਮਰਦਾਸ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਪਿਆਰਾ ਆਪੇ ਹੀ ਜੀਵਣ ਦਿੰਦਾ ਹੈ, ਆਪੇ ਹੀ ਮਾਰਦਾ ਹੈ, ਸਾਰੇ ਉਸਦਾ ਦਿਤਾ ਹੋਇਆ ਸਾਹ ਹੀ ਲੈਂਦੇ ਹਨ – 'ਆਪੇ ਮਾਰਿ ਜੀਵਾਇਦਾ ਪਿਆਰਾ ਸਾਹ ਲੈਦੇ ਸਭਿ ਲਵਾਇਆ॥', ਪੰਨਾ ੬੦੬.

ਇਸ ਜੀਵਨ ਦੇ ਦੇਣ ਅਤੇ ਵਾਪਸ ਖੋਹ ਲੈਣ ਬਾਰੇ ਭਗਤ ਕਬੀਰ ਜੀ ਦਾ ਬੜਾ ਸੁੰਦਰ ਫ਼ੁਰਮਾਣ ਹੈ ਕਿ ਵੈਦ ਜਾਂ ਡਾਕਟਰ ਵੀ ਇਹ ਮਾਣ ਨਾ ਕਰਨ ਕਿ ਉਹ ਆਪਣੀ ਵਿਦਿਆ ਤੇ ਚਿਕਿਤਸਾ ਨਾਲ, ਸਾਹਾਂ ਨੂੰ ਘਟਾ ਵਧਾ ਸਕਦੇ ਹਨ – 'ਕਬੀਰ ਬੈਦੁ ਕਹੈ ਹਉ ਭਲਾ ਦਾਰੂ ਮੇਰੈ ਵਸਿ॥ ਇਹ ਤਉ ਬਸਤੁ ਗੁਪਾਲ ਕੀ ਜਬ ਭਾਵੈ ਲੇਇ ਖਸਿ॥', ਅੰਕ ੧੩੬੮.

### ਏਕ ਤੁਈ ਏਕ ਤੁਈ॥

**ਅਰਥ :** ਹੇ ਵਾਹਗੁਰੂ ! ਇਕ ਤੂੰ ਹੀ ਹੈਂ, ਇਕ ਤੂੰ ਹੀ ਹੈਂ, ਹੋਰ ਕੁਝ ਵੀ ਨਹੀਂ, ਸਿਰਫ਼ ਤੂੰ ਹੀ ਹੋਂਦਮਈ ਹੈਂ, ਭਾਵ, ਹੋਰ ਕੁਝ ਵੀ ਹੋਂਦ ਨਹੀਂ ਰਖਦਾ, ਕਿਸੇ ਦੀ ਕੋਈ ਮਜਾਲ ਨਹੀਂ, ਪਾਂਇਆਂ ਨਹੀਂ।੭।

ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਪਰਮੇਸ਼ਰ ਇਕੱਲਾ ਆਪ ਹੀ ਸਭ ਪਾਸੇ, ਸਭ ਕੁਝ ਕਰ ਰਿਹਾ ਹੈ, ਸਮਾਇਆ ਹੋਇਆ ਹੈ ਅਤੇ ਸਾਰੀ ਬਣਤ, ਰਚਨਾ ਉਸ ਦੀ ਆਪਣੀ ਹੀ ਬਣਾਈ ਹੋਈ ਹੈ। ਉਸ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ, ਉਹ ਆਪ ਹੀ ਸਭ ਪਾਸੇ ਸਮਾਇਆ ਹੋਇਆ ਹੈ – 'ਤੂੰ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ॥ ਤੁਧੁ ਬਿਨੁ ਦੂਜਾ ਕੋ ਨਹੀ ਤੂ ਰਹਿਆ ਸਮਾਈ॥', ਅੰਕ ੧੨੯੧.

ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ ਕਿ ਇਕੋ ਪ੍ਰਭੂ ਹੀ ਦਾਤਾ ਹੈ ਜੋ ਹਰ ਥਾਂ ਤੇ ਸਭ

ਕੁਝ ਕਰ ਰਿਹਾ ਹੈ, ਹੋਰ ਦੂਜਾ ਕੋਈ ਨਹੀਂ ਹੈ। ਜੇ ਉਸੇ ਦਾ ਹੀ, ਗੁਰੂ ਦੇ ਦਿਤੇ ਸ਼ਬਦ, ਭਾਵ, ਗੁਰੂ ਦੇ ਦਿਤੇ ਸਬਦ, ਗੁਰ-ਮੰਤਰ ਰਾਹੀਂ ਨਾਮ ਜਪ ਕੇ, ਸਿਫ਼ਤ ਸਲਾਹ ਕਰ ਕੇ, ਉਹ ਮਨ ਵਿਚ ਵਸ ਜਾਏ ਤਾਂ ਸਹਿਜ ਅਵੱਸਥਾ ਦਾ ਸੁਖ ਪ੍ਰਾਪਤ ਹੋ ਜਾਏ - 'ਹਰਿ ਇਕੋ ਦਾਤਾ ਵਰਤਦਾ ਦੂਜਾ ਅਵਰੁ ਨ ਕੋਇ॥ ਸਬਦਿ ਸਾਲਾਹੀ ਮਨਿ ਵਸੈ ਸਹਜੇ ਹੀ ਸੁਖੁ ਹੋਇ॥', ਪੰਨਾ ੩੬. ਸਦਾ ਥਿਰ ਰਹਿਣ ਵਾਲਾ ਸਿਰਫ਼ ਇਕ ਪ੍ਰਭੂ/ਗੁਰੂ ਹੀ ਹੈ। ਕੋਈ ਹੋਰ ਦੂਜਾ ਸਦਾ ਲਈ ਥਿਰ ਨਹੀਂ ਹੈ। ਸਿਰਫ਼ ਤੇ ਸਿਰਫ਼ ਇਕ ਪਰਮਾਤਮਾ ਹੀ ਅਟੱਲ ਹੈ, ਸਦਾ ਰਹਿਣ ਵਾਲਾ ਹੈ। ਸ੍ਰੀ ਗੁਰੂ ਰਾਮਦਾਸ ਸਾਹਿਬ ਨੇ ਇਸ ਦੀ ਇੰਞ ਵਿਆਖਿਆ ਕੀਤੀ ਹੈ ਕਿ **ਹਰ ਇਕ ਜੁਗ ਵਿਚ ਤੂੰ ਹੀ ਸਦਾ ਸਦਾ ਤੂੰ ਹੀ, ਇਕੋ ਇਕ ਤੂੰ ਹੀ ਵਰਤਦਾ ਹੈਂ, ਬੇਸ਼ੱਕ ਤੇਰੇ ਰੂਪ ਵਖਰੇ ਹੁੰਦੇ ਹਨ, ਤੂੰ ਅਟੱਲ ਹੈਂ, ਕਰਤਾ ਹੈਂ, ਜੋ ਤੈਨੂੰ ਭਾਉਂਦਾ ਹੈ, ਉਹੀ ਹੁੰਦਾ ਹੈ, ਤੂੰ ਹੀ ਸਭ ਕੁਝ ਕਰਦਾ ਹੈਂ** - 'ਤੂੰ ਜੁਗੁ ਜੁਗੁ ਏਕੋ ਸਦਾ ਸਦਾ ਤੂੰ ਏਕੋ ਜੀ ਤੂੰ ਨਿਹਚਲੁ ਕਰਤਾ ਸੋਈ॥ ਤੁਧੁ ਆਪੇ ਭਾਵੈ ਸੋਈ ਵਰਤੈ ਜੀ ਤੂੰ ਆਪੇ ਕਰਹਿ ਸੁ ਹੋਈ॥', ਪੰਨਾ ੧੧.

ਸ੍ਰੀ ਗੁਰੂ ਅਰਜਨ ਸਾਹਿਬ ਨੇ ਸੁਖਮਨੀ ਸਾਹਿਬ ਵਿਚ ੧੯ਵੀਂ ਅਸਟਪਦੀ ਦੇ ਆਖਰੀ ਪਦੇ ਵਿਚ ਉਚਾਰਣ ਕੀਤਾ ਹੈ - 'ਏਕੋ ਏਕੁ ਏਕੁ ਹਰਿ ਆਪਿ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ॥' ਭਾਵ, ਉਹ ਪ੍ਰਭੂ, ਸਿਰਫ਼, ਇਕੋ ਇਕ ਆਪ ਹੀ ਹੈ ਅਤੇ ਪਰੀ-ਪੂਰਣ ਹੈ ਅਤੇ ਹਰ ਪਾਸੇ, ਹਰ ਥਾਂ ਆਪ ਹੀ ਵਿਆਪ ਰਿਹਾ ਹੈ, ਹੋਰ ਕੋਈ ਹੈ ਹੀ ਨਹੀਂ। ਮਹਾਰਾਜ ਨੇ, ੭੧੦ ਪੰਨੇ ਤੇ ਵੀ ਫ਼ੁਰਮਾਣ ਕੀਤਾ ਹੈ ਕਿ ਇਕੋ ਉਹੀ ਹੀ ਹੈ ਜੋ ਹਰ ਪਾਸੇ ਸਭ ਕੁਝ ਕਰਦਾ ਵੇਖਿਆ ਅਤੇ ਸੁਣਿਆ ਜਾ ਸਕਦਾ ਹੈ। ਉਹ ਇਕੋ ਆਪ ਹੀ ਹੈ ਜੋ ਹਰ ਥਾਂ ਵਰਤ ਰਿਹਾ ਹੈ, ਉਹੀ ਇਕ ਸਾਰੇ ਨਰਾਂ, ਭਾਵ, ਜੀਵਾਂ ਦਾ ਸੁਆਮੀ ਹੈ - 'ਦ੍ਰਿਸ਼ਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ॥'

ਸ੍ਰੀ ਗੁਰੂ ਅਰਜਨ ਸਾਹਿਬ ਨੇ ਫ਼ੁਰਮਾਣ ਕੀਤਾ ਹੈ ਕਿ ਇਕੋ, ਪ੍ਰਭੂ ਹੀ ਸਭ ਪਾਸੇ ਮੌਜੂਦ ਵੀ ਹੈ ਤੇ ਸਭ ਕੁਝ ਉਹੀ ਕਰ ਰਿਹਾ ਹੈ, ਉਸ ਇਕ ਤੋਂ ਬਿਨਾਂ ਹੋਰ ਕੋਈ ਕੁਝ ਹੈ ਹੀ ਨਹੀਂ - 'ਨਾਨਕੁ ਵਰਤੈ ਇਕੁ ਇਕੋ ਇਕੁ ਤੂੰ॥', ਪੰਨਾ ੯੬੬.

ਸ੍ਰੀ ਗੁਰੂ ਅਰਜਨ ਸਾਹਿਬ, ਅੰਕ ੨੧੧ ਤੇ, ਉਪਦੇਸ਼ ਕਰਦੇ ਹਨ ਕਿ ਸਭ ਕੁਝ ਕਰਣ ਦੀ ਸਮਰਥਾ, ਸਿਰਫ਼, ਵਾਹਗੁਰੂ ਵਿਚ ਹੀ ਹੈ, ਸਾਰੇ ਜੀਆਂ ਦਾ ਉਹੀ ਇਕ ਆਸਰਾ ਹੈ - 'ਕਰਨ ਕਰਾਵਨ ਤੁਹੀ ਏਕ॥ ਜੀਅ ਜੰਤ ਕੀ ਤੁਹੀ ਟੇਕ॥' ਨਾਲ ਹੀ ਬਚਨ ਕੀਤਾ ਹੈ ਕਿ ਕਿਉਂਕਿ ਇਕੋ ਹੀ ਸਹਾਰਾ ਤੇ ਆਸਰਾ ਹੈ, ਇਸ ਕਰ ਕੇ ਮੈਂ ਤਾਂ ਉਸ ਹਰੀ ਪ੍ਰਭੂ ਦੇ ਨਾਮ ਜਪਣ ਦੀ ਕਾਰ, ਭਾਵ, ਕੰਮ ਨੂੰ ਫ਼ੜ ਲਿਆ ਹੈ - 'ਏਕ ਟੇਕ ਏਕੋ ਆਧਾਰਾ॥ ਜਨ ਨਾਨਕ ਹਰਿ ਕੀ ਲਾਗਾ ਕਾਰਾ॥', ਅੰਕ ੨੧੨. ਹੋਰ ਇੰਞ ਫ਼ੁਰਮਾਣ ਕਰਦੇ ਹਨ ਕਿ ਤੂੰ ਇਕ ਹੀ ਹੈਂ, ਇਕ ਹੀ ਹੈਂ, ਤੂੰ ਹੀ ਇਕੋ ਮਾਲਕ ਹੈਂ, ਤੇਰੀ ਕਿਰਪਾ ਨਾਲ ਹੀ ਸੁਖ ਮਿਲਦਾ ਹੈ - 'ਏਕੈ ਏਕੈ ਏਕ ਤੂਹੀ॥ ਏਕੈ ਏਕੈ ਤੂ ਰਾਇਆ॥ ਤਉ ਕਿਰਪਾ ਤੇ ਸੁਖ ਪਾਇਆ॥', ਅੰਕ ੮੮੪.

ਇਹ 'ਤੁਈ ਤੁਈ' ਜਾਂ 'ਤੂੰ ਹੀ ਤੂੰ ਹੀ' ਦੇ ਅਲਫਾਜ਼, ਅਸਲ ਵਿਚ, ਵਿਸਮਾਦ ਦੀ ਅਵੱਸਥਾ ਵਿਚ ਕੀਤਾ ਗਿਆ ਪ੍ਰਭੂ ਦਾ ਜਾਪ ਹੀ ਹਨ। ਇਹ, ਉਸ ਪ੍ਰਭੂ ਦੇ ਸਿਮਰਣ ਦਾ ਸੰਕੇਤਾਤਮਕ ਉਪਦੇਸ ਹੈ।

ਹੁਣ ਤਕ, ਪੰਨਾ ੧੪੩-੪੪ ਤੋਂ, ਜਿਨ੍ਹਾਂ ਸਭ ਸਲੋਕਾਂ ਦੀ ਵਿਆਖਿਆ ਕੀਤੀ ਜਾ ਚੁਕੀ ਹੈ, ਇਹ ਸਤ ਸਲੋਕਾਂ ਦੀ ਲੜੀ, ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਉਦੋਂ ਉਚਾਰਣ ਕੀਤੀ ਸੀ, ਜਦੋਂ ਉਹ ਪਾਕ ਪਟਣ ਸ਼ਹਿਰ ਗਏ ਸਨ ਅਤੇ ਉਥੇ, ਬਾਬਾ ਸੇਖ ਫ਼ਰੀਦ ਜੀ ਦੇ ਪੋਤੇ, ਸ਼ੇਖ ਬ੍ਰਹਮ ਨੂੰ

ਮਿਲੇ। ਉਸ ਨੇ ਪਾਤਸ਼ਾਹ ਦਾ ਬਹੁਤ ਸਨਮਾਨ ਕੀਤਾ। ਉਸ ਨਾਲ ਗਲ ਬਾਤ ਵਿਚ, ਮਹਾਰਾਜ ਨੇ ਇਹ ਬਚਨ ਕੀਤੇ। ਇਹ ਸਤ ਸਲੋਕ ਉਚਾਰ ਕੇ, ਸਤਿਗੁਰੂ ਨੇ ਸ਼ੇਖ ਬ੍ਰਹਮ ਦਾ, ਪਰਮੇਸ਼ਰ ਦੀ ਵਡਿਆਈ ਤੇ, ਨਿਸਚਾ ਦ੍ਰਿੜ ਕੀਤਾ ਅਤੇ ਸਿਮਰਣ ਦੀ ਪ੍ਰੇਰਣਾ ਨੂੰ ਦ੍ਰਿੜ੍ਹ ਕੀਤਾ।

ਇਨ੍ਹਾਂ ਸਾਰੇ ਸਲੋਕਾਂ ਵਿਚ, ਕੁਝ ਫ਼ਾਰਸੀ ਭਾਖਾ ਵਰਤ ਕੇ, ਹਰੀ ਪ੍ਰਭੂ ਦੀ ਸਿਫ਼ਤ ਕੀਤੀ ਗਈ ਹੈ ਕਿ ਉਹੀ ਇਕੋ ਇਕ ਹੈ, ਉਹੀ ਕਰਤਾ ਧਰਤਾ, ਸਭ ਕੁਝ ਹੈ। ਅਸਲ ਵਿਚ, ਇਨ੍ਹਾਂ ਸਭ ਸਲੋਕਾਂ ਵਿਚ ਪ੍ਰਭੂ ਦੀ ਉਸਤਤਿ ਕਰਣ ਦਾ ਉਦੇਸ਼, ਪ੍ਰਭੂ ਦੀ ਸਿਫ਼ਤ ਸਲਾਹ, ਉਸ ਦੇ ਸਿਮਰਣ ਦੀ ਪ੍ਰੇਰਣਾ ਕਰਣਾ ਹੀ ਹੈ। ਇਸ ਲਈ, ਸਾਨੂੰ ਵੀ ਇਹ ਪ੍ਰੇਰਣਾ ਲੈ ਕੇ, ਗੁਰੂ ਦਾ ਇਸ਼ਾਰਾ ਮੰਨ ਕੇ, ਉਸ ਤੇ ਤੁਰਣਾ ਚਾਹੀਦਾ ਹੈ ਅਤੇ ਸਿਮਰਣ ਵਿਚ ਜੁੱਟ ਜਾਣਾ ਚਾਹੀਦਾ ਹੈ। ਆਓ ਜੀ ਅਸੀਂ ਵੀ ਜਪੀਏ - 'ਤੁਹੀ ਤੁਹੀ॥ ਤੁਹੀ ਤੁਹੀ॥.....' ਜਾਂ **ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ .....**

ਲੜੀ ਸਮਾਪਤ, Series Concluded.

